ਗਿਆਨ
ਗ੍ਰੰਟੀਆਂ
ਸੰਭਾਵਨਾਵਾਂ

ਸੰਭਾਵਨਾਵਾਂ

ਸਿਆਲ 2011

ਵਿਦਿਆ ਦਾ ਵਿਰਸਾ

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖਿਆ ਤੋਂ ਸਿੱਖੇ ਹੋਏ ਸਬਕ ਉਮਰ ਭਰ ਯਾਦ ਰਹਿੰਦੇ ਹਨ। ਸਿੱਖਿਆ, ਵਿਸ਼ੇਸ਼ ਕਰਕੇ ਪੋਸਟ-ਸੈਕੰਡਰੀ ਸਿੱਖਿਆ, ਕੈਰੀਅਰ ਬਣਾਉਣ ਵਿਚ ਸਹਾਇਤਾ ਕਰਦੀ ਹੈ, ਸਾਡੀ ਆਰਥਿਕਤਾ ਨੂੰ ਤੇਜ਼ ਕਰਨ ਵਿਚ ਅਤੇ ਸਾਡੀ ਕਮਿਊਨਿਟੀ ਨੂੰ ਬਣਾਉਣ ਵਿਚ ਸਹਾਇਤਾ ਕਰਦੀ ਹੈ। ਅਸੀਂ *ਪਾਸੀਬਿਲਿਟੀਜ਼ (Possibilities)* ਦੇ ਇਸ ਅੰਕ ਵਿਚ ਸਿੱਖਿਆ ਦੇ ਸਥਾਈ ਲਾਭਾਂ ਦੀ ਖੋਜ ਕਰਾਂਗੇ।

ਸਹੀ ਹੈ, ਕਿ ਤੁਸੀਂ ਆਪਣੇ USC ਪਲੈਨ ਰਾਹੀਂ ਆਪਣੀ ਸਿੱਖਿਆ ਦੀ ਇਕ ਅਜਿਹੀ ਵਿਰਾਸਤ ਬਣਾ ਰਹੇ ਹੋ, ਜੋ ਤੁਹਾਡੇ ਬੱਚੇ ਲਈ ਜ਼ਿੰਦਗੀ ਭਰ ਲਈ ਸੰਭਾਵਨਾਵਾਂ ਪੈਦਾ ਕਰਨ ਵਿਚ ਸਹਾਇਤਾ ਕਰ ਸਕਦੀ ਹੈ। ਤੁਸੀਂ ਆਪਣੇ ਪਲੈਨ ਦੀ ਪ੍ਰਗਤੀ ਬਾਰੇ ਜਾਣਨ ਲਈ ਕਿਸੇ ਸਮੇਂ ਵੀ ਸਾਡੀ ਸੁਰੱਖਿਅਤ ਵੈਬਸਾਈਟ, www.usc.ca ਅਤੇ "ਲਾਗਇਨ ਟੂ" ਮੀਨੂ ਤੋਂ "ਕਸਟਮਰ" ਚੁਣ ਕੇ ਵੇਖ ਸਕਦੇ ਹੋ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਗਾਹਕ ਸੇਵਾ (Customer Service) ਦੇ ਟੋਲ ਫ੍ਰੀ ਨੰਬਰ 1-800-363-7377 ਤੇ ਕਾੱਲ ਕਰੋ ਜਾਂ ਆਪਣੇ ਵਿਕਰੀ ਪ੍ਰਤੀਨਿਧ ਨਾਲ ਗੱਲ ਕਰੋ।

ਇਸ ਅੰਕ ਵਿਚ

- ਸਿੱਖਿਆ ਲਈ ਫੰਡ ਦੇਣੇ: ਸਾਡੀ ਕੀ ਜ਼ਿੰਮੇਵਾਰੀ ਹੈ?
- ਸਿੱਖਿਆ ਤੋਂ ਸਭ ਤੋਂ ਵੱਧ ਲਾਭ ਕੌਣ ਉਠਾਉਂਦਾ ਹੈ?
- ਕਰਜ਼ੇ ਵਿਦਿਆਰਥੀਆਂ ਨੂੰ ਕਿਵੇਂ ਰੋਕ ਸਕਦੇ ਹਨ
- ਪੋਸਟ-ਗਰੈਜੁਏਟ ਅਵਾਰਡ: ਇਕ ਪਰਿਵਾਰ ਦੀ ਕਹਾਣੀ
- ਬੱਚਿਆਂ ਲਈ ਪੈਸਾ ਅਹਿਮ ਹੈ

Since 1965
USC
EDUCATION SAVINGS PLANS INC.

ਇੱਕ ਪੀੜ੍ਹੀ:
ਸਾਡੀ ਕੀ ਜ਼ਿੰਮੇਵਾਰੀ ਹੈ?

ਕਿਉਂਕਿ ਉਨ੍ਹਾਂ ਦੇ ਮਾਤਾ ਪਿਤਾ ਨੇ ਦੂਜੇ ਆਲਮੀ ਜੰਗ (World War II) ਦੌਰਾਨ ਦੁਨੀਆ ਨੂੰ ਬਚਾਇਆ ਹੈ, ਇਸ ਲਈ ਜੰਗ ਦੌਰਾਨ ਪੈਦਾ ਹੋਏ ਬੇਬੀ ਬੂਮਰਸ (Baby Boomers) ਨੂੰ ਘੱਟੋ ਘੱਟ ਜੋ ਕੰਮ ਕਰਨਾ ਚਾਹੀਦਾ ਹੈ, ਉਹ ਰਾਸ਼ਟਰ ਦਾ ਕਰਜ਼ਾ ਅਦਾ ਕਰਨਾ ਹੈ। ਇਹੀ ਸੁਝਾਅ ਵਿਰਸੇ ਬਾਰੇ ਲਿਖਣ ਵਾਲੇ ਲਿਖਾਰੀ ਮਿਸ਼ੇਲ ਕਿਨਸਲੇ (Michael Kinsley) ਨੇ *ਦੀ ਐਟਲਾਂਟਿਕ (The Atlantic)* ਦੇ ਅਕਤੂਬਰ ਅੰਕ ਵਿਚ ਬੂਮਰ ਪੀੜ੍ਹੀ (ਜੰਗ ਦੌਰਾਨ ਪੈਦਾ ਹੋਏ ਬੱਚੇ) ਨੂੰ ਦਿੱਤਾ ਹੈ - ਅਗਲੀ ਪੀੜ੍ਹੀ ਨੂੰ ਬਿਲਕੁਲ ਸਾਫ਼ ਸੁਥਰੀ ਦੁਨੀਆ ਦਿਉ।

ਜਦ ਕਿ ਲੇਖ ਦੇ ਵਿਆਪਕ ਪੱਧਰ ਤੇ ਲੁਕਵੇਂ ਰਾਜਨੀਤਿਕ ਅਤੇ ਆਰਥਿਕ ਅਰਥ ਹਨ, ਇਸ ਵਿਚ ਸਾਡੇ ਬੱਚਿਆਂ ਵੱਲ ਸਾਡੀਆਂ ਨਿੱਜੀ ਜ਼ਿੰਮੇਵਾਰੀਆਂ ਅਤੇ ਇਹ ਕਿ ਕੀ ਮਾਤਾ ਪਿਤਾ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਰਿਟਾਇਰ ਹੋਣ ਤਕ ਸਭ ਕਰਜ਼ਿਆਂ ਤੋਂ ਮੁਕਤ ਹੋ ਕੇ ਮਾਲੀ ਤੌਰ ਤੇ ਆਤਮ ਨਿਰਭਰ ਹੋ ਜਾਣ, ਬਾਰੇ ਸਵਾਲ ਉਠਾਏ ਗਏ ਹਨ।

ਇਹ ਟੀਚਾ ਹਾਸਲ ਕਰਨਾ ਆਸਾਨ ਨਹੀਂ। ਸਮਾਜਿਕ ਵਿਕਾਸ ਬਾਰੇ ਕੈਨੇਡਿਅਨ ਕੌਂਸਲ (Canadian Council on Social Development) ਅਨੁਸਾਰ, ਆਪਣੀ ਰਿਟਾਇਰਮੈਂਟ ਲਈ ਬੱਚਤ ਕਰਨ ਤੋਂ ਇਲਾਵਾ, ਬਹੁਤੇ ਮਾਪਿਆਂ ਨੂੰ ਗਿਰਵੀ ਰੱਖੀਆਂ ਚੀਜ਼ਾਂ, ਕਾਰ ਦੇ ਕਰਜ਼ੇ ਦਾ ਭੁਗਤਾਨ ਕਰਨਾ ਹੁੰਦਾ ਹੈ ਅਤੇ ਇਸਦੇ ਨਾਲ ਹੀ ਇਕ ਬੱਚੇ ਦੀ ਪਰਵਰਿਸ਼ ਕਰਨ ਤੇ $166,000 ਤੋਂ ਵੱਧ ਖਰਚ ਆਉਂਦਾ ਹੈ। ਹੋਰ ਸਰੋਤ ਇਸ ਖਰਚੇ ਨੂੰ ਹੋਰ ਵੀ ਜ਼ਿਆਦਾ ਦੱਸਦੇ ਹਨ ਅਤੇ ਉਸ ਵਿਚ ਪੋਸਟ ਸੈਕੰਡਰੀ (ਸੈਕੰਡਰੀ ਸਿੱਖਿਆ ਤੋਂ ਬਾਅਦ ਦੀ ਸਿੱਖਿਆ) ਸਿੱਖਿਆ ਲਈ ਦਿੱਤੀ ਜਾਣ ਵਾਲੀ ਰਕਮ ਸ਼ਾਮਲ ਨਹੀਂ ਹੈ।

ਹਾਲ ਵਿਚ ਕੀਤੇ ਗਏ ਰਾਸ਼ਟਰੀ ਸਰਵੇਖਣਾਂ ਤੋਂ ਇਹ ਗੱਲ ਸਾਮ੍ਹਣੇ ਆਈ ਹੈ ਕਿ ਲਗਭਗ ਦੋ ਤਿਹਾਈ ਕੈਨੇਡਿਅਨ (ਕੈਨੇਡਾ ਦੇ ਲੋਕ) ਇਹ ਮੰਨਦੇ ਹਨ ਕਿ ਪੋਸਟ-ਸੈਕੰਡਰੀ ਸਿੱਖਿਆ ਬਹੁਤ ਮਹਿੰਗੀ ਹੈ ਅਤੇ, ਬੇਸ਼ੱਕ 87% ਮਾਪੇ ਆਪਣੇ ਬੱਚਿਆਂ ਦੀ ਪੂਰੀ ਸਿੱਖਿਆ ਜਾਂ ਉਸਦੇ ਕੁਝ ਹਿੱਸੇ ਨੂੰ ਪੂਰਿਆਂ ਕਰਨ ਦੀ ਯੋਜਨਾ ਬਣਾਉਂਦੇ ਹਨ, ਪਰ ਉਨ੍ਹਾਂ ਵਿਚੋਂ ਮਸਾਂ ਇਕ ਚੌਥਾਈ ਮਾਪਿਆਂ ਨੇ ਹੀ ਇਸ ਉਦੇਸ਼ ਲਈ ਧਨ ਇਕ ਪਾਸੇ ਰੱਖਣਾ ਸ਼ੁਰੂ ਕੀਤਾ ਹੈ। ਲਗਭਗ ਇਕ ਤਿਹਾਈ ਵਿਦਿਆਰਥੀਆਂ ਦਾ ਇਹ ਕਹਿਣਾ ਹੈ ਕਿ ਆਉਣ ਵਾਲੇ ਸਾਲਾਂ ਵਿਚ ਉਨ੍ਹਾਂ ਦੇ ਕਰਜ਼ੇ ਵਿਚ ਹੀ ਰਹਿਣ ਦੀ ਸੰਭਾਵਨਾ ਹੈ; ਅਤੇ ਇਸ ਤੋਂ ਵੱਧ ਗਿਣਤੀ ਵਿਚ ਵਿਦਿਆਰਥੀਆਂ ਦੀ ਇਹ ਖਾਹਿਸ਼ ਹੈ, ਕਿ ਕਾਸ਼ ਆਪਣੇ ਮਾਲੀ ਫੈਸਲੇ ਕਰਨ ਬਾਰੇ ਉਨ੍ਹਾਂ ਨੂੰ ਵੱਧ ਭਰੋਸਾ ਹੁੰਦਾ।

ਉੱਚ ਸਿੱਖਿਆ ਲਈ ਧਨ ਉਪਲਬਧ ਕਰਨ ਦੇ ਵਧੀਆ ਢੰਗਾਂ ਵਿਚੋਂ ਇੱਕ RESP ਵਿਚ ਬੱਚਤ ਕਰਨਾ ਇਕ ਵਧੀਆ ਢੰਗ ਹੈ ਜੋ ਮਾਲੀ ਤੌਰ ਤੇ ਖੁਦਮੁਖਤਿਆਰ ਕਰਦਾ ਹੈ। ਇਸ ਤੋਂ ਬਾਅਦ, ਬੱਚਿਆਂ ਨੂੰ ਇਸ ਬਾਰੇ ਗਾਈਡੈਂਸ (ਸੇਧ) ਦੇਣ ਨਾਲ ਕਿ ਸਹੀ ਫਾਇਨੈਂਸ਼ਿਅਲ ਫੈਸਲੇ ਕਿਸ ਤਰ੍ਹਾਂ ਕਰਨੇ ਹਨ, ਉਨ੍ਹਾਂ ਨੂੰ ਆਪਣੇ ਆਪ ਸੁਤੰਤਰ ਨਾਗਰਿਕ ਬਣਨ ਵਿਚ ਸਹਾਇਤਾ ਮਿਲੇਗੀ।

ਸਿੱਖਿਆ:
ਕਿਸ ਨੂੰ ਸਭ ਤੋਂ ਵੱਧ ਫ਼ਾਇਦਾ ਹੁੰਦਾ ਹੈ?

ਪੋਸਟ-ਸੈਕੰਡਰੀ ਸਿੱਖਿਆ ਦਾ ਨਿੱਜੀ ਤੌਰ ਤੇ ਮਾਲੀ ਲਾਭ ਹੋਣਾ ਸਪਸ਼ਟ ਹੈ। ਕੈਨੇਡਾ ਮਿਲੈਨੀਅਮ ਸਕਾਲਰਸ਼ਿਪ ਫਾਊਂਡੇਸ਼ਨ (Canada Millennium Scholarship Foundation) ਵੱਲੋਂ ਇਹ ਖ਼ਬਰ ਹੈ ਕਿ 40 ਸਾਲਾਂ ਵਿਚ ਕਾਲਜ ਦਾ ਇਕ ਗਰੈਜੁਏਟ ਸਿਰਫ਼ ਇਕ ਹਾਈ ਸਕੂਲ ਡਿਪਲੋਮਾ ਪ੍ਰਾਪਤ ਵਿਅਕਤੀ ਦੇ ਮੁਕਾਬਲੇ $394,000 ਵੱਧ ਰਕਮ ਕਮਾਏਗਾ, ਜਦ ਕਿ ਇਕ ਬੈਚੁਲਰਸ ਡਿਗਰੀ ਪ੍ਰਾਪਤ ਵਿਅਕਤੀ ਇਨ੍ਹਾਂ ਦੇ ਮੁਕਾਬਲੇ $745,800 ਜ਼ਿਆਦਾ ਕਮਾਏਗਾ।

ਅਸਲ ਵਿਚ, ਓਂਟਾਰੀਓ ਦੀ ਉੱਚ ਵਿਦਿਆ ਕੁਆਲਿਟੀ ਕੌਂਸਲ (Higher Education Quality Council) ਅਨੁਸਾਰ 20 ਸਾਲਾਂ ਵਿਚ ਪੋਸਟ-ਸੈਕੰਡਰੀ ਅਤੇ ਹਾਈ ਸਕੂਲ ਗਰੈਜੁਏਟਾਂ ਦਰਮਿਆਨ ਤਨਖਾਹ ਦਾ ਅੰਤਰਾਲ ਲਗਭਗ ਦੁਗਣਾ ਹੋ ਗਿਆ ਹੈ।

ਪਰ, ਸਮਾਜ ਨੂੰ ਵੀ ਉੱਚ ਵਿਦਿਆ ਹਾਸਲ ਕੀਤੇ ਕੰਮ ਕਰਨ ਵਾਲਿਆਂ ਤੋਂ ਫਾਇਦਾ ਹੁੰਦਾ ਹੈ। ਅਧਿਐਨਾਂ ਤੋਂ ਪਤਾ ਲਗਾ ਹੈ, ਕਿ ਜਦੋਂ ਕਾਰਜ ਦਲ ਵਿਚ ਕਾਲਜ ਗਰੈਜੁਏਟ ਵੱਧ ਹੋਣ ਤਾਂ ਸਭ ਕੰਮ ਕਰਨ ਵਾਲੇ, ਭਾਵੇਂ ਉਨ੍ਹਾਂ ਦੀ ਸਿੱਖਿਆ ਕਿਸੇ ਵੀ ਪੱਧਰ ਦੀ ਹੋਵੇ, ਵੱਧ ਕਮਾਈ ਕਰਦੇ ਹਨ।

ਆਰਥਕ ਸਹਿਯੋਗ ਅਤੇ ਵਿਕਾਸ ਬਾਰੇ ਸੰਸਥਾ [Organisation for Economic Co-operation and Development (OECD)] ਨੇ ਆਪਣੀ ਰਿਪੋਰਟ, ਸਿੱਖਿਆ ਤੇ ਸਰਸਰੀ ਨਜ਼ਰ 2010 (Education At A Glance 2010) ਵਿਚ ਉਨ੍ਹਾਂ ਹੋਰ ਢੰਗ ਤਰੀਕਿਆਂ ਦੀ ਰੂਪ ਰੇਖਾ ਖਿੱਚੀ ਹੈ, ਜਿਨ੍ਹਾਂ ਨਾਲ ਸਮਾਜ ਨੂੰ ਸਿੱਖਿਆ ਤੋਂ ਲਾਭ ਮਿਲਦਾ ਹੈ:

- ਸਿੱਖਿਆ ਨਾਲ ਲੋਕਾਂ ਨੂੰ ਵੱਧ ਸਿਹਤਮੰਦ ਜੀਵਨ ਸ਼ੈਲੀ ਚੁਣਨ, ਬਿਮਾਰੀਆਂ ਨੂੰ ਵੱਧ ਚੰਗੀ ਤਰ੍ਹਾਂ ਕਾਬੂ ਵਿਚ ਰੱਖਣ ਅਤੇ ਉਨ੍ਹਾਂ ਸਥਿਤੀਆਂ ਤੋਂ ਬਚਣ ਵਿਚ ਸਹਾਇਤਾ ਮਿਲਦੀ ਹੈ, ਜਿਨ੍ਹਾਂ ਨਾਲ ਉਨ੍ਹਾਂ ਦੀ ਸਿਹਤ ਨੂੰ ਨੁਕਸਾਨ ਪੁੱਜ ਸਕਦਾ ਹੈ।
- ਸਿੱਖਿਆ, ਜਾਣਕਾਰੀ ਅਤੇ ਅਨੁਭਵ ਮੁਹੱਈਆ ਕਰਦੀ ਹੈ, ਅਜਿਹੀਆਂ ਯੋਗਤਾਵਾਂ, ਕਦਰਾਂ ਕੀਮਤਾਂ ਅਤੇ ਵਿਸ਼ਵਾਸਾਂ ਦਾ ਵਿਕਾਸ ਕਰਦੀ ਹੈ, ਜਿਨ੍ਹਾਂ ਨਾਲ ਨਾਗਰਿਕਤਾ ਅਤੇ ਸਮਾਜਿਕ ਰੁਝੇਵਿਆਂ ਨਾਲ ਜੁੜਨ ਲਈ ਉਤਸ਼ਾਹ ਪੈਦਾ ਹੁੰਦਾ ਹੈ।
- ਸਿੱਖਿਆ, ਵਿਅਕਤੀਆਂ ਨੂੰ ਇਕ ਦੂਜੇ ਨੂੰ ਵੱਧ ਚੰਗੀ ਤਰ੍ਹਾਂ ਸਮਝਣ ਅਤੇ ਸਮਾਜ ਨਾਲ ਜੁੜਨ ਅਤੇ ਵਿਭਿੰਨਤਾ ਨੂੰ ਸਵੀਕਾਰ ਕਰਨ ਲਈ ਸਹਾਇਤਾ ਕਰਦੀ ਹੈ।

ਬੇਸ਼ੱਕ ਵਿਦਿਆ ਅਤੇ ਸਿੱਖਿਆ ਦੇ ਸਮਾਜਿਕ ਨਤੀਜਿਆਂ ਨੂੰ ਮਾਪਣਾ ਮੁਸ਼ਕਲ ਹੈ, ਪਰ ਇਹ ਸਪਸ਼ਟ ਹੈ ਕਿ ਸਿੱਖਿਆ ਲੋਕਾਂ ਦੇ ਜੀਵਨ ਤੇ ਅਜਿਹੇ ਢੰਗ ਤਰੀਕਿਆਂ ਨਾਲ ਅਸਰ ਕਰਦੀ ਹੈ, ਜੋ ਉਨ੍ਹਾਂ ਦੀਆਂ ਨਿੱਜੀ ਮਾਲੀ ਪ੍ਰਾਪਤੀਆਂ ਤੋਂ ਵੀ ਵੱਧ ਹੁੰਦੇ ਹਨ।

ਪੋਸਟ-ਗਰੈਜੁਏਟ ਅਵਾਰਡ: ਯੂ ਐਸ ਸੀ (USC) ਦੀਆਂ ਯੋਜਨਾਵਾਂ ਦਾ ਵਿਰਸਾ

ਨੋਇਲ ਐਂਡਰਸਨ (Noel Anderson) (ਸੱਜੇ ਪਾਸੇ), USCI ਦੇ ਪ੍ਰਧਾਨ ਅਤੇ ਸੀ ਈ ਓ (CEO), ਆਰ. ਜਾਰਜ ਹੋਪਕਿਨਸਨ (R. George Hopkinson) ਤੋਂ $10,000 ਦਾ ਪੋਸਟ ਗਰੈਜੁਏਟ ਵਜ਼ੀਫ਼ਾ ਲੈ ਰਹੇ ਹਨ।

USC ਦੇ ਇਕ ਪਲੈਨ (ਯੋਜਨਾ) ਨੇ ਨੋਇਲ ਐਂਡਰਸਨ (Noel Anderson) ਨੂੰ U ਆਫ T (ਟੋਰਾਂਟੋ ਯੂਨੀਵਰਸਿਟੀ) ਤੋਂ ਗਰੈਜੁਏਟ ਹੋਣ ਵਿਚ ਸਹਾਇਤਾ ਕੀਤੀ ਹੈ। ਹੁਣ MIT ਦੀ ਇਕ ਡਿਗਰੀ ਲੈਣ ਵਿਚ ਉਸ ਨਾਲ ਐਂਡਰਸਨ ਨੂੰ ਸਹਾਇਤਾ ਮਿਲ ਰਹੀ ਹੈ।

ਹਰ ਸਾਲ, ਅੰਤਰਰਾਸ਼ਟਰੀ ਸਕਾਲਰਸ਼ਿਪ ਫਾਊਂਡੇਸ਼ਨ [International Scholarship Foundation (ISF)] ਉਨ੍ਹਾਂ ਵਿਦਿਆਰਥੀਆਂ ਨੂੰ ਪੋਸਟ ਗਰੈਜੁਏਟ ਵਜ਼ੀਫ਼ਿਆਂ ਦੀ ਪੇਸ਼ਕਸ਼ ਕਰਦੀ ਹੈ, ਜਿਨ੍ਹਾਂ ਨੇ ਆਪਣੇ USC ਪਲੈਨ ਤੋਂ ਸਿੱਖਿਆ ਦੀ ਸਹਾਇਤਾ ਲਈ ਆਪਣੀਆਂ ਸਾਰੀਆਂ ਤਿੰਨੋਂ ਰਕਮਾਂ ਲਈਆਂ ਹੁੰਦੀਆਂ ਹਨ, ਅਤੇ ਆਪਣੇ ਅੰਡਰਗਰੈਜੁਏਟ ਪ੍ਰੋਗਰਾਮ ਵਿਚ ਵਧੀਆ ਅਕਾਦਮਿਕ ਨਤੀਜੇ ਹਾਸਲ ਕਰ ਚੁਕੇ ਹੁੰਦੇ ਹਨ, ਅਤੇ ਆਪਣੀ ਕਮਿਊਨਿਟੀ (ਭਾਈਚਾਰੇ) ਵਿਚ ਕੋਈ ਯੋਗਦਾਨ ਪਾਇਆ ਹੁੰਦਾ ਹੈ।

ਟੋਰਾਂਟੋ ਯੂਨੀਵਰਸਿਟੀ (University of Toronto) ਤੋਂ ਆਪਣੀ ਅੰਡਰਗਰੈਜੁਏਟ ਡਿਗਰੀ ਹਾਸਲ ਕਰਨ ਤੋਂ ਬਾਅਦ ਨੋਇਲ ਹੁਣ ਮੈਸਾਚੁਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ (Massachusetts Institute of Technology) ਵਿਚ ਅਗਲੇਰੀ ਸਿੱਖਿਆ ਲਈ ਆਪਣਾ ਪੋਸਟ ਗਰੈਜੁਏਟ ਅਵਾਰਡ ਇਸਤੇਮਾਲ ਕਰ ਰਿਹਾ ਹੈ।

ਵਿਦਿਆਰਥੀਆਂ ਅਤੇ ਕਰਜ਼ :

ਉਨ੍ਹਾਂ ਨੂੰ ਕੌਣ ਰੋਕ ਰਿਹਾ ਹੈ?

1989 ਅਤੇ 2009 ਵਿਚਕਾਰ, ਕੈਨੇਡਾ ਵਿਚ ਟਿਊਸ਼ਨ ਫੀਸ ਡਾਲਰਾਂ ਵਿਚ ਦੁਗਣੀ ਤੋਂ ਵੱਧ ਹੋ ਗਈ। ਇਹ ਵੀ ਇਕ ਕਾਰਣ ਹੈ ਜਿਸ ਲਈ ਬਹੁਤੇ ਵਿਦਿਆਰਥੀ ਪੋਸਟ-ਸੈਕੰਡਰੀ ਸਿੱਖਿਆ ਲਈ ਕਰਜ਼ੇ ਲੈ ਰਹੇ ਹਨ, ਅਤੇ ਵੱਧ ਕਰਜ਼ੇ ਲੈ ਰਹੇ ਹਨ। ਸਟੈਟਿਸਟਿਕਸ ਕੈਨੇਡਾ (Statistics Canada) ਅਨੁਸਾਰ, ਬੇਸ਼ੱਕ ਪੋਸਟ-ਸੈਕੰਡਰੀ ਸਿੱਖਿਆ ਹਾਸਲ ਕਰਨ ਲਈ ਬਹੁਤੇ ਵਿਦਿਆਰਥੀ ਵੱਧ ਖਰਚੇ ਕਾਰਣ ਪਿੱਛੇ ਨਹੀਂ ਹਟਣਗੇ, ਪਰ ਕਰਜ਼ਾ ਇੱਕਠਾ ਹੋਣ ਨਾਲ ਕਈ ਗਰੈਜੁਏਟਾਂ ਤੇ ਲੰਮੇ ਸਮੇਂ ਤਕ ਰਹਿਣ ਵਾਲੇ ਅਸਰ ਹੋ ਸਕਦੇ ਹਨ।

ਕਰਜ਼ ਲੈਣ ਵਾਲੇ ਵਿਦਿਆਰਥੀਆਂ ਕੋਲ ਕਰਜ਼ਾ ਨਾ ਲੈਣ ਵਾਲੇ ਵਿਦਿਆਰਥੀਆਂ ਦੇ ਮੁਕਾਬਲੇ ਉਨ੍ਹਾਂ ਦੀਆਂ ਬੱਚਤਾਂ ਅਤੇ ਪੂੰਜੀ ਨਿਵੇਸ਼ ਦੀ ਘੱਟ ਸੰਭਾਵਨਾ ਹੈ, ਅਤੇ ਉਨ੍ਹਾਂ ਦੇ ਘਰਾਂ ਦੇ ਮਾਲਕ ਹੋਣ ਜਾਂ ਆਪਣੇ ਗਿਰਵੀ ਰੱਖੀਆਂ ਚੀਜ਼ਾਂ ਲਈ ਭੁਗਤਾਨ ਕਰਨ ਦੇ ਸਾਧਨ ਹੋਣ ਦੀ ਹੋਰ ਵੀ ਘੱਟ ਸੰਭਾਵਨਾ ਹੈ। ਅਤੇ ਕਰਜ਼ਾ ਲੈਣ ਵਾਲੇ ਵਿਦਿਆਰਥੀਆਂ ਦੇ ਮੁਕਾਬਲੇ ਸਮੁੱਚੇ ਤੌਰ ਤੇ ਉਨ੍ਹਾਂ ਕੋਲ ਕੁਲ ਸਾਧਨ ਅਹਿਮ ਤੌਰ ਤੇ ਘੱਟ ਹਨ।

ਬੇਸ਼ੱਕ, ਵਿਦਿਆਰਥੀ ਦੇ ਤੌਰ ਤੇ ਲਏ ਕਰਜ਼ੇ ਗਰੈਜੁਏਸ਼ਨ ਹੋਣ ਤੋਂ ਕਈ ਸਾਲ ਬਾਅਦ ਤਕ ਮਾਲੀ ਤੌਰ ਤੇ ਅਸਰ ਪਾ ਸਕਦੇ ਹਨ, ਪਰ ਕਰਜ਼ਾ ਲੈਣ ਵਾਲੇ ਅਤੇ ਕਰਜ਼ਾ ਨਾ ਲੈਣ ਵਾਲੇ ਦੋਹਾਂ ਤਰ੍ਹਾਂ ਦੇ ਵਿਦਿਆਰਥੀ, ਜਦ ਕਿਰਤ ਮਾਰਕੀਟ ਵਿਚ ਨਿਕਲਦੇ ਹਨ, ਤਾਂ ਉਨ੍ਹਾਂ ਦੀ ਕਾਰਗੁਜ਼ਾਰੀ ਘੱਟ ਪੜ੍ਹੇ ਲਿਖੇ ਲੋਕਾਂ ਕੋਲੋਂ ਬਹੁਤ ਜਿਆਦਾ ਵਧੀਆ ਹੁੰਦੀ ਹੈ। ਆਰਥਕ ਸਹਿਯੋਗ ਅਤੇ ਵਿਕਾਸ ਸੰਸਥਾ ਅਨੁਸਾਰ, ਕੈਨੇਡਾ ਵਿਚ ਯੂਨੀਵਰਸਿਟੀ ਗਰੈਜੁਏਟਾਂ ਨੂੰ ਹੇਠਲੀ ਪੱਧਰ ਦੀ ਸਿੱਖਿਆ ਪ੍ਰਾਪਤ ਵਿਦਿਆਰਥੀਆਂ ਦੇ ਮੁਕਾਬਲੇ, ਨੌਕਰੀਆਂ ਮਿਲਣ ਦੀ ਬਹੁਤ ਵੱਧ ਸੰਭਾਵਨਾ ਹੈ।

ਸਟੈਟਿਸਟਿਕਸ ਕੈਨੇਡਾ ਦੇ ਮਰਦਮਸ਼ੁਮਾਰੀ ਦੇ ਡੈਟਾ ਅਨੁਸਾਰ ਦੋਹਾਂ ਗਰੁੱਪਾਂ (ਸਮੂਹਾਂ) ਵਿਚਕਾਰ ਤਨਖਾਹ ਦਾ ਅੰਤਰਾਲ ਵੀ ਵੱਧ ਰਿਹਾ ਹੈ। 2006 ਵਿਚ, ਕਾਲਜ ਗਰੈਜੁਏਟਾਂ ਨੇ ਸਿਰਫ਼ ਹਾਈ ਸਕੂਲ ਡਿਪਲੋਮਾ ਪ੍ਰਾਪਤ ਵਿਦਿਆਰਥੀਆਂ ਦੇ ਮੁਕਾਬਲੇ ਔਸਤਨ 25% ਵੱਧ ਕਮਾਇਆ, ਜੋ ਕਿ ਦੋ ਦਹਾਕੇ ਪਹਿਲਾਂ ਤੋਂ 12% ਵੱਧ ਹੈ। ਇਸੇ ਸਮੇਂ ਦੌਰਾਨ ਯੂਨੀਵਰਸਿਟੀ ਅਤੇ ਹਾਈ ਸਕੂਲ ਗਰੈਜੁਏਟਾਂ ਵਿਚਕਾਰ ਤਨਖਾਹ ਦਾ ਅੰਤਰਾਲ 30% ਤੋਂ 50% ਤਕ ਵੱਧ ਗਿਆ ਹੈ।

ਬੱਚੇ ਅਤੇ ਨਕਦ ਰਕਮ

ਬੱਚਿਆਂ ਨੂੰ ਧਨ ਬਾਰੇ ਸਮਝਾਉਣ ਲਈ ਕਈ ਮਜ਼ੇਦਾਰ ਅਤੇ ਦਿਲਚਸਪ ਢੰਗ ਹਨ। ਇਕ ਇੰਟਰਐਕਟਿਵ (ਪ੍ਰਸਪਰ ਪ੍ਰਭਾਵ ਪਾਣ ਵਾਲਾ) ਕੈਸ਼ ਰਜਿਸਟਰ ਦੀਆਂ ਰੋਸ਼ਨੀਆਂ ਅਤੇ ਆਵਾਜ਼ਾਂ ਨਾਲ ਬੱਚਿਆਂ ਨੂੰ ਧਨ ਬਾਰੇ ਅਤੇ ਬੁਨਿਆਦੀ ਹਿਸਾਬ ਦੀ ਕੁਸ਼ਲਤਾ ਸਿਖਾਉਣ ਵਿਚ ਮਦਦ ਮਿਲ ਸਕਦੀ ਹੈ। ਇਕੋਮਿਨੀ (Ekomini), ਵੈਬ ਰਾਹੀਂ ਚਲਣ ਵਾਲੇ ਪਿਗੀ ਬੈਂਕ (ਬੁਘਣੀ) ਜਿਸ ਤੇ ਇਕ ਸਿੱਖਿਆ ਸਬੰਧੀ ਖੇਡ ਹੈ, ਅਤੇ ਆਨਲਾਈਨ ਤੇ Threejars.com ਪ੍ਰੋਗਰਾਮ ਦੋਹਾਂ ਨਾਲ ਬੱਚਿਆਂ ਨੂੰ ਇਹ ਸਿਖਾਉਣ ਵਿਚ ਸਹਾਇਤਾ ਮਿਲੇਗੀ ਕਿ ਉਹ ਆਪਣੇ ਧਨ ਨੂੰ ਕਿਸ ਤਰ੍ਹਾਂ ਬਚਾਉਣ, ਸਾਂਝਾ ਕਰਨ, ਪੂੰਜੀ-ਨਿਵੇਸ਼ ਅਤੇ ਬੱਚਤ ਕਰ ਸਕਦੇ ਹਨ। ਅਤੇ ਮੋਨੋਪੌਲੀ (Monopoly) ਵਰਗੀਆਂ ਪੁਰਾਣੀਆਂ ਬੋਰਡ ਖੇਡਾਂ ਨਾਲ ਬੱਚਿਆਂ ਨੂੰ ਇਹ ਸਿੱਖਣ ਵਿਚ ਮਜ਼ਾ ਆਉਂਦਾ ਹੈ ਕਿ ਪੈਸੇ ਦਾ ਪ੍ਰਬੰਧ ਕਿਸ ਤਰ੍ਹਾਂ ਕਰਨਾ ਹੈ।

ਮਾਲੀ ਤੌਰ ਤੇ ਬੱਚਿਆਂ ਨੂੰ ਜ਼ਿੰਮੇਵਾਰ ਬਣਾਉਣ ਲਈ ਮਾਤਾ/ਪਿਤਾ ਲਈ ਗਾਈਡ (A Parent's Guide to Raising Fiscally Responsible Children) ਦੇ ਲੇਖਕ ਸਟੇਸੀ ਡੀਬਰੋਫ (Stacy DeBroff) ਅਨੁਸਾਰ ਤੁਸੀਂ ਬੱਚਿਆਂ ਨੂੰ ਨਿੱਜੀ ਫਾਇਨੈਂਸ ਬਾਰੇ ਪੰਜ ਸਾਲ ਦੀ ਛੋਟੀ ਉਮਰ ਤੋਂ ਹੀ ਦੱਸਣਾ ਸ਼ੁਰੂ ਕਰ ਸਕਦੇ ਹੋ। ਉਹ ਸਿਫ਼ਾਰਸ਼ ਕਰਦੀ ਹੈ, ਕਿ ਤੁਸੀਂ ਬੱਚਿਆਂ ਨੂੰ ਦੇਣ ਵਾਲੇ ਅਲਾਉਂਸ (ਜੇਬ ਖਰਚ) ਨੂੰ ਘਰ ਦੇ ਕੰਮਾਂ ਨਾਲ ਜੋੜੋ, ਤਾਂ ਜੋ ਬੱਚੇ ਨੂੰ ਕੰਮ ਦੀ ਕਦਰ ਪਤਾ ਲਗੇ ਅਤੇ ਉਨ੍ਹਾਂ ਨੂੰ ਬਜਟ ਬਣਾਉਣ ਬਾਰੇ ਜਾਣਕਾਰੀ ਦੇਣਾ ਸ਼ੁਰੂ ਕਰੋ, ਇਕ ਬੱਚਤ ਖਾਤਾ ਖੋਲ੍ਹ ਦਿਉ (ਇਕ ਡਾਇਰੀ ਵਿਚ ਸਾਦੇ ਢੰਗ ਨਾਲ), ਅਤੇ ਮਾਤਾ ਪਿਤਾ ਬੈਂਕ ਬਣ ਸਕਦੇ ਹਨ।

ਬੱਚੇ ਜਦੋਂ ਚਾਹੁਣ ਪੈਸੇ ਕੱਢਵਾ ਸਕਦੇ ਹਨ, ਪਰ ਸਭ ਲੈਣ ਦੇਣ ਰਿਕਾਰਡ ਕੀਤਾ ਜਾਏਗਾ। ਬੱਚੇ ਜਦੋਂ ਵੇਖਦੇ ਹਨ ਕਿ ਉਨ੍ਹਾਂ ਦੇ ਬੈਂਕ ਵਿਚ ਰਕਮ ਘੱਟ ਹੋ ਰਹੀ ਹੈ, ਉਹ ਖਰਚ ਕਰਨ ਤੋਂ ਪਹਿਲਾਂ ਜਲਦੀ ਹੀ ਗੰਭੀਰਤਾ ਨਾਲ ਸੋਚਣਾ ਸਿੱਖ ਲੈਂਦੇ ਹਨ। ਮਾਤਾ ਪਿਤਾ ਵੀ ਖੁੱਲ੍ਹੇ ਦਿਲ ਨਾਲ ਵੱਧ ਵਿਆਜ ਦਰਾਂ ਦੇ ਕੇ ਬੱਚਤ ਕਰਨ ਨੂੰ ਉਤਸ਼ਾਹਿਤ ਕਰ ਸਕਦੇ ਹਨ।

ਐਂਡਰਸਨ ਮੁੰਡਿਆਂ ਵਿਚੋਂ ਨੋਇਲ, ਯੂਨੀਵਰਸਿਟੀ ਤੋਂ ਗਰੈਜੁਏਟ ਹੋਣ ਵਾਲਾ ਪਹਿਲਾ ਹੈ। ਉਸਦੇ ਭਰਾ ਕੋਨੋਰ (Conor) ਨੇ ਆਪਣੀ ਅੰਡਰਗਰੈਜੁਏਟ ਡਿਗਰੀ ਦੇ ਤਿੰਨ ਸਾਲ ਪੂਰੇ ਕੀਤੇ ਹਨ; ਛੋਟੇ ਭਰਾਵਾਂ ਇਅਨ (Eoin) ਅਤੇ ਕੈਮਰਾਨ (Cameron) ਦੀ ਵੀ ਉਨ੍ਹਾਂ ਦੀਆਂ ਉਦਾਹਰਨਾਂ ਦੇ ਪਿੱਛੇ ਚਲਣ ਦਾ ਇਰਾਦਾ ਹੈ।

ਇਹ ਸਭ ਤਾਂ ਗੈਰੀ (Gerry) ਅਤੇ ਆਇਨ ਐਂਡਰਸਨ (Ian Anderson) ਦੇ 1989 ਵਿਚ ਇਕ USC ਪਲੈਨ ਸ਼ੁਰੂ ਕਰਨ ਨਾਲ ਹੀ ਸੰਭਵ ਹੋ ਸਕਿਆ ਹੈ। "ਸਾਡੇ ਕੋਲ ਬਚਾਉਣ ਲਈ ਬਹੁਤੇ ਪੈਸੇ ਨਹੀਂ ਸਨ," ਗੈਰੀ ਕਹਿੰਦੀ ਹੈ, "ਪਰ ਸਾਡੇ USC ਦੇ ਪ੍ਰਤੀਨਿਧ ਨੇ ਸਾਡੀ ਉਹ ਪਲੈਨ ਸ਼ੁਰੂ ਕਰਨ ਵਿਚ ਸਹਾਇਤਾ ਕੀਤੀ ਜਿਸਦਾ ਇੰਤਜ਼ਾਮ ਅਸੀਂ ਕਰ ਸਕਦੇ ਸਾਂ।" ਉਹ ਪਲੈਨ ਸ਼ੁਰੂ ਕਰਨ ਨੂੰ "ਆਪਣੇ ਵੱਲੋਂ ਲਏ ਗਏ ਸਭ ਤੋਂ ਵੱਧ ਸਿਆਣਪ ਭਰੇ ਫੈਸਲਿਆਂ ਵਿਚੋਂ ਇਕ" ਬਿਆਨ ਕਰਦੀ ਹੈ, ਅਗੇ ਚਲਕੇ ਉਸਦਾ ਇਹ ਵੀ ਕਹਿਣਾ ਹੈ, ਕਿ "ਸਾਡਾ USC ਪਲੈਨ ਉਹ ਸਭ ਕੁਝ ਸੀ ਜਿਸਦਾ ਸਾਡੇ ਨਾਲ ਇਕਰਾਰ ਕੀਤਾ ਗਿਆ ਸੀ ਅਤੇ ਉਸਤੋਂ ਵੀ ਵੱਧ ਸੀ।"

ਪਿਛਲੇ ਛੇ ਸਾਲਾਂ ਵਿਚ, ਆਈ ਐਸ ਐਫ (ISF) ਨੇ ਯੋਗ ਵਿਦਿਆਰਥੀਆਂ ਨੂੰ ਪੋਸਟ ਗਰੈਜੁਏਟ ਵਜ਼ੀਫ਼ਿਆਂ ਵਿਚ $600,000 ਤੋਂ ਵੱਧ ਰਕਮ ਦਾ ਭੁਗਤਾਨ ਕੀਤਾ ਹੈ। ਤੁਸੀਂ ਇਨ੍ਹਾਂ ਅਵਾਰਡਾਂ ਲਈ ਅਰਜ਼ੀ ਦੇਣ ਬਾਰੇ ਹੋਰ ਵੇਰਵਿਆਂ ਨੂੰ ਸਾਡੀ ਵੈਬਸਾਈਟ, www.usc.ca ਤੇ ਵੇਖ ਸਕਦੇ ਹੋ। ਅਰਜ਼ੀ ਦੇਣ ਦੀ ਆਖ਼ਰੀ ਤਾਰੀਖ 8 ਜੂਨ, 2011 ਹੈ।

ਫੰਡ ਦਾ ਪ੍ਰਬੰਧ

ਤਾਜ਼ਾ ਸਥਿਤੀ (ਅਪਡੇਟ)

USC ਐਜੂਕੇਸ਼ਨ ਸੇਵਿੰਗਸ ਪਲੈਨਸ ਇੰਕ. [USC Education Savings Plans Inc. (USCI)] ਨੇ USC ਪਲੈਨਸ (ਯੋਜਨਾਵਾਂ) ਲਈ ਅੰਤਰਰਾਸ਼ਟਰੀ ਸਕਾਲਰਸ਼ਿਪ ਫਾਊਂਡੇਸ਼ਨ [International Scholarship Foundation (ISF)] ਤੋਂ ਇਨਵੈਸਟਮੈਂਟ ਫੰਡ ਮੈਨੇਜਰ ਵਜੋਂ ਭੂਮਿਕਾ ਨਿਭਾਉਣ ਦਾ ਕੰਮ ਲੈ ਲਿਆ ਹੈ। ਇਹ USCI ਦੀ ਪਲੈਨ ਦੇ ਪ੍ਰਬੰਧਕ ਅਤੇ ਵਿਤਰਕ ਵਜੋਂ ਉਸਦੀ ਪਹਿਲੀ ਭੂਮਿਕਾ ਦਾ ਹੀ ਵਿਸਤਾਰ ਹੈ, ਅਤੇ ਨੈਸ਼ਨਲ ਇਨਸਟ੍ਰੂਮੈਂਟ 31-103 (National Instrument 31-103) ਦੇ ਹਿੱਸੇ ਵਜੋਂ ਕੈਨੇਡਿਅਨ ਸਿਕਿਊਰਿਟੀਜ਼ ਐਡਮਿੰਸਟਰੇਟਰਸ (Canadian Securities Administrators) ਵੱਲੋਂ ਸ਼ੁਰੂ ਕੀਤੀਆਂ ਜ਼ਰੂਰੀ ਰੈਗੁਲੇਟਰੀ ਸ਼ਰਤਾਂ ਦਾ ਨਤੀਜਾ ਹੈ। ਆਈ ਐਸ ਐਫ (ISF), ਯੂ ਐਸ ਸੀ (USC) ਪਲੈਨਸ ਦੇ ਪ੍ਰਮੋਟਰ ਅਤੇ ਸਪਾਂਸਰ ਵਜੋਂ ਕੰਮ ਕਰਨਾ ਜਾਰੀ ਰੱਖੇਗਾ ਅਤੇ USCI ਦਾ ਪ੍ਰਬੰਧ ਕਰੇਗਾ। ਇਸ ਤਬਦੀਲੀ ਨਾਲ ਮੌਜੂਦਾ USC ਪਲੈਨਸ ਤੇ ਕੋਈ ਅਸਰ ਨਹੀਂ ਪਏਗਾ।

ਸਿੱਖਿਆ ਦੇ ਖਰਚੇ: ਕੌਣ ਦੇਵੇਗਾ?

ਕੈਨੇਡਿਅਨ ਫੈਡਰੇਸ਼ਨ ਆਫ਼ ਸਟੂਡੈਂਟਸ (Canadian Federation of Students) ਵੱਲੋਂ ਪ੍ਰਕਾਸ਼ਿਤ ਕੀਤੇ ਗਏ *ਸਿੱਖਿਆ ਬਾਰੇ ਕਾਰਜ ਯੋਜਨਾ (Education Action Plan)* ਅਨੁਸਾਰ, ਕੈਨੇਡਾ ਦੇ ਲੋਕਾਂ ਲਈ ਸਿੱਖਿਆ ਅਤੇ ਖੋਜ ਵਿਚ ਪੂੰਜੀ ਲਾਉਣਾ ਸਭ ਤੋਂ ਉੱਚੀ ਤਰਜੀਹ ਅਤੇ ਆਰਥਿਕਤਾ ਨੂੰ ਉਤਸ਼ਾਹਿਤ ਕਰਨ ਦਾ ਇਕ ਅਹਿਮ ਢੰਗ ਹੈ। ਸਰਵੇਖਣ ਵਿਚ ਘੱਟ ਟਿਊਸ਼ਨ ਫੀਸ ਅਤੇ ਵਿਦਿਆਰਥੀਆਂ ਵੱਲੋਂ ਘੱਟ ਕਰਜ਼ੇ ਲੈਣਾ ਵੀ ਉੱਚੀ ਸ਼ਰੇਣੀ ਵਿਚ ਵੇਖਿਆ ਗਿਆ ਹੈ, ਕਿਉਂਕਿ ਕੈਨੇਡਾ ਦੇ ਬਹੁਤੇ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਯੋਗ ਲੋਕਾਂ ਨੂੰ ਬਹੁਤ ਜਿਆਦਾ ਖਰਚ ਕਾਰਣ ਪੋਸਟ-ਸੈਕੰਡਰੀ (ਸੈਕੰਡਰੀ ਤੋਂ ਬਾਅਦ ਦੀ ਸਿੱਖਿਆ) ਸਿੱਖਿਆ ਦੇ ਮੌਕਿਆਂ ਤੋਂ ਵਾਂਝਾ ਰਹਿਣਾ ਪੈਂਦਾ ਹੈ।

ਟਿਊਸ਼ਨ ਫੀਸ, ਪੋਸਟ-ਸੈਕੰਡਰੀ ਇੰਸਟੀਚਿਊਸ਼ਨਾਂ ਲਈ ਫੰਡਾਂ ਦੇ ਸਰੋਤ ਦਾ ਵੱਧ ਹੋਣਾ ਹੈ ਜੋ 1989 ਅਤੇ 2009 ਵਿਚਕਾਰ 10% ਤੋਂ 21% ਤਕ ਵੱਧ ਆਮਦਨ ਦੇ ਰਹੇ ਹਨ, ਜਦ ਕਿ ਇਸੇ ਸਮੇਂ ਦੌਰਾਨ ਸਰਕਾਰ ਵੱਲੋਂ ਫੰਡ 72% ਤੋਂ 55% ਤਕ ਘੱਟ ਹੋ ਗਏ ਹਨ।

ਪੋਸਟ-ਸੈਕੰਡਰੀ ਸਿੱਖਿਆ ਦਾ ਖਰਚ ਕਿਸ ਤਰ੍ਹਾਂ ਪੂਰਾ ਕੀਤਾ ਜਾਏ ਬਾਰੇ ਬਹਿਸ ਜਾਰੀ ਰਹੇਗੀ, ਪਰ ਕਾਰਲਟਨ ਯੂਨੀਵਰਸਿਟੀ (Carleton University) ਦੇ ਪ੍ਰਧਾਨ ਨੇ ਸੰਤੁਲਨ ਸਹੀ ਨਾ ਰਹਿਣ ਦੇ ਖਤਰੇ ਤੋਂ ਸਾਵਧਾਨ ਕੀਤਾ ਹੈ। *ਦ ਗਲੋਬ ਐਂਡ ਮੇਲ (The Globe and Mail)* ਵਿਚ ਲਿਖਦਿਆਂ ਡਾਕਟਰ ਰੋਜ਼ੈਨਨ ਓ'ਰੀਲੇ ਰੁੰਟੇ (Dr. Roseann O'Reilly Runte) ਨੇ ਕਿਹਾ ਹੈ, "ਜਦੋਂ ਕਿਸੇ ਵਿਅਕਤੀ ਦਾ ਯੋਗਦਾਨ... ਕਰਜ਼ੇ ਦੇ ਭਾਰ ਨੂੰ ਵੱਧ ਕਰਦਾ ਹੈ ਅਤੇ ਜਿਨ੍ਹਾਂ ਕੋਲ ਅਹਿਮ ਮਾਲੀ ਸਾਧਨ ਨਹੀਂ ਉਨ੍ਹਾਂ ਲਈ ਅਪਹੁੰਚ ਬਣਾਉਂਦਾ ਹੈ ਤਾਂ... ਨਤੀਜੇ ਵਜੋਂ ਪੈਦਾ ਹੋਈਆਂ ਅਸਮਾਨਤਾਵਾਂ ਕਾਰਣ ਸਿਵਲ ਸਮਾਜ ਦੀ ਪ੍ਰਭਾਵਕਤਾ ਅਤੇ ਇਸਤੋਂ ਪੈਦਾ ਹੋਣ ਵਾਲੇ ਮਾਲੀ ਲਾਭ ਦੋਵੇਂ ਘੱਟ ਹੋ ਜਾਣਗੇ।"

"ਆਪਣੇ ਮੁਕਾਬਲੇ ਵਾਲੇ ਫਾਇਦੇ ਨੂੰ ਕਾਇਮ ਰੱਖਣ ਦਾ ਸਿਰਫ ਇਕੋ ਤਰੀਕਾ ਹੈ ਕਿ ਵਧੀਆ ਸਿੱਖਿਆ ਤਕ ਪਹੁੰਚ ਉਪਲਬਧ ਕਰਵਾਈ ਜਾਏ," ਡਾਕਟਰ ਓ'ਰੀਲੇ ਰੁੰਟੇ ਇਸ ਤਰ੍ਹਾਂ ਗੱਲ ਨੂੰ ਖਤਮ ਕਰਦੇ ਹਨ, "ਇਹ ਕੈਨੇਡਿਅਨ ਹੋਣ ਦੇ ਨਾਤੇ ਸਾਡੀ ਜ਼ਿੰਮੇਵਾਰੀ ਹੈ ਅਤੇ ਆਪਣੇ ਬੱਚਿਆਂ ਲਈ ਸਾਡਾ ਇਹ ਫਰਜ਼ ਹੈ।"

ਕੈਰੀਅਰ (ਪੇਸ਼ਾ)

USCI ਨਾਲ ਸੰਭਾਵਨਾਵਾਂ

ਜਿਵੇਂ ਜਿਵੇਂ ਵੱਧ ਕੈਨੇਡਿਅਨ ਪਰਿਵਾਰ ਆਪਣੇ ਬੱਚਿਆਂ ਦੀ ਉੱਚ ਸਿੱਖਿਆ ਲਈ ਬੱਚਤ ਸ਼ੁਰੂ ਕਰਨ ਦੀ ਜ਼ਰੂਰਤ ਪਛਾਣਦੇ ਹਨ, ਨਵੇਂ USCI ਦੇ ਵਿਕਰੇਤਾ ਪ੍ਰਤੀਨਿਧੀਆਂ ਲਈ ਹੋਰ ਵੱਧ ਮੌਕੇ ਪੈਦਾ ਹੋ ਰਹੇ ਹਨ। ਤੁਸੀਂ ਪਹਿਲਾਂ ਹੀ ਜਾਣਦੇ ਹੋ ਕਿ ਇਕ USC ਪਲੈਨ ਕਿੰਨਾ ਅਹਿਮ ਹੈ, ਇਸ ਲਈ ਤੁਸੀਂ ਜਾਂ ਕੋਈ ਹੋਰ ਜਿਸਨੂੰ ਤੁਸੀਂ ਜਾਣਦੇ ਹੋਵੋ, ਹੋਰ ਪਰਿਵਾਰਾਂ ਦੀ ਇਸਨੂੰ ਸ਼ੁਰੂ ਕਰਨ ਵਿਚ ਮਦਦ ਕਰਨ ਵਿਚ ਦਿਲਚਸਪੀ ਰੱਖਦਾ ਹੋਵੇ, www.usc.ca ਤੇ ਸਾਡੇ ਕੈਰੀਅਰ ਸੈਕਸ਼ਨ (Career Section) ਨੂੰ ਵੇਖੋ। ਸਾਡੇ ਕੋਲ ਸਾਰੇ ਦੇਸ਼ ਭਰ ਦੇ ਮੌਕੇ ਹਨ।

ਕਸਟਮਰ ਐਕਸੈਸ (ਗਾਹਕਾਂ ਦੀ ਪਹੁੰਚ ਲਈ) ਅਕਾਊਂਟ

ਆਪਣੀ ਬੱਚਤ ਦੀ ਜਾਣਕਾਰੀ ਲੈਣ ਲਈ ਜਾਂ ਨਿੱਜੀ ਜਾਣਕਾਰੀ ਨੂੰ ਸੰਪਾਦਿਤ ਕਰਨ ਲਈ - ਆਪਣੀ ਸਾਰੀ ਜਾਣਕਾਰੀ - ਕਿਸੇ ਸਮੇਂ, ਕਿਸੇ ਥਾਂ ਤੋਂ ਵੀ ਸੁਰੱਖਿਅਤ ਆਨਲਾਈਨ ਐਕਸੈਸ ਤੋਂ ਲਉ। ਅੱਜ ਹੀ www.usc.ca ਤੇ ਰਜਿਸਟਰ ਹੋ ਕੇ, "ਲਾਗਇਨ ਟੂ" ਮੀਨੂ ਤੋਂ "ਕਸਟਮਰ" ਚੁਣੋ।

ਆਪਣਾ ਗਿਆਨ ਸਾਂਝਾ ਕਰੋ

ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਬੱਚਿਆਂ ਦੀ ਭਵਿੱਖ ਦੀ ਸਿੱਖਿਆ ਲਈ ਇਕ USC ਪਲੈਨ ਕਿੰਨਾ ਅਹਿਮ ਹੈ; ਇਸ ਲਈ ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ, ਜੋ ਆਪਣਾ ਪਲੈਨ ਸ਼ੁਰੂ ਕਰਨ ਵਿਚ ਦਿਲਚਸਪੀ ਰੱਖਦਾ ਹੋਵੇ, ਤੁਸੀਂ USCI ਵਿਕਰੀ ਪ੍ਰਤੀਨਿਧ ਕੋਲ ਉਸਦਾ ਹਵਾਲਾ ਦੇਣ ਬਾਰੇ ਸੋਚ ਸਕਦੇ ਹੋ।

Since 1965 USC EDUCATION SAVINGS PLANS INC.

AP475/P 01/2011

ਪਾਰਟ ਟਾਈਮ ਨੌਕਰੀਆ

ਘੱਟ ਨੰਬਰ ਮਿਲਦੇ ਹਨ

ਵੱਧ ਰਹੀ ਟਿਊਸ਼ਨ ਫੀਸ ਅਤੇ ਗਰਮੀਆਂ ਵਿਚ ਨੌਕਰੀਆਂ ਦੇ ਘੱਟਦੇ ਮੌਕਿਆਂ ਕਾਰਣ ਬਹੁਤੇ ਵਿਦਿਆਰਥੀ ਖਾਲੀ ਥਾਂ (ਖੱਪਾ) ਭਰਨ ਲਈ ਪਾਰਟ-ਟਾਈਮ ਕੰਮ ਲੈਂਦੇ ਹਨ। ਪਰ, ਓਂਟਾਰੀਓ ਯੂਨੀਵਰਸਿਟੀ ਦੇ ਬਹੁਤੇ ਪ੍ਰੋਫੈਸਰਾਂ ਦਾ ਇਹ ਮੰਨਣਾ ਹੈ, ਕਿ ਪਾਰਟ-ਟਾਈਮ ਨੌਕਰੀਆਂ ਨਾਲ ਵਿਦਿਆਰਥੀਆਂ ਦੀ ਅਕਾਦਮਿਕ ਸਫ਼ਲਤਾ ਵਿਚ ਵਿਘਨ ਪੈਂਦਾ ਹੈ। ਓਂਟਾਰੀਓ ਕਨਫੈਡਰੇਸ਼ਨ ਆਫ਼ ਯੂਨੀਵਰਸਿਟੀ ਫੈਕਲਟੀ ਐਸੋਸਿਏਸ਼ਨ (Ontario Confederation of University Faculty Associations) ਵੱਲੋਂ ਕੀਤੇ ਗਏ ਇਕ ਗੈਰ-ਰਸਮੀ ਸਰਵੇਖਣ ਨੇ ਵੀ ਇਹ ਸੁਝਾਅ ਦਿੱਤਾ ਹੈ ਕਿ ਇਕ ਸਾਲ ਪਹਿਲਾਂ ਤੋਂ ਹੁਣ ਵਿਦਿਆਰਥੀ ਵੱਧ ਕੰਮ ਕਰ ਰਹੇ ਹਨ।

ਜੇ ਇਹ ਸੱਚ ਹੈ, ਤਾਂ ਮਾਂਟਰਿਅਲ ਦੀ ਕੌਨਕੋਰਡਿਆ ਯੂਨੀਵਰਸਿਟੀ (Montreal's Concordia University) ਦੇ ਐਸੋਸਿਏਟ ਪ੍ਰੋਫੈਸਰ ਆਫ਼ ਇਕਨਾਮਿਕਸ ਜਾਰਗਨ ਹੈਨਸੈਨ (Jorgen Hansen) ਅਨੁਸਾਰ, ਇਹ ਖਤਰੇ ਦੀ ਘੰਟੀ ਹੈ। ਸਟੈਟਿਸਟਿਕਸ ਕੈਨੇਡਾ (Statistics Canada) ਦੇ *ਯੂਥ ਇਨ ਟਰਾਂਜਿਸ਼ਨ ਸਰਵੇਖਣ (Youth in Transition Survey)* ਦੇ ਡੈਟਾ ਨੂੰ ਇਸਤੇਮਾਲ ਕਰਕੇ ਪ੍ਰੋਫੈਸਰ ਹੈਨਸੈਨ ਕਹਿੰਦੇ ਹਨ, ਕਿ ਜਿੰਨੇ ਵੱਧ ਵਿਦਿਆਰਥੀ ਪਾਰਟ-ਟਾਈਮ ਕੰਮ ਕਰਨਗੇ, ਉਨਾਂ ਹੀ ਵੱਧ ਉਨ੍ਹਾਂ ਦੇ ਗਰੇਡਾਂ ਨੂੰ ਖਤਰਾ ਹੋਏਗਾ। ਦੂਜੇ ਪਾਸੇ, ਸਰਵੇਖਣ ਤੋਂ ਸਾਹਮਣੇ ਆਇਆ ਕਿ ਉਹ ਵਿਦਿਆਰਥੀ ਜੋ ਸਕੂਲ ਸਬੰਧਤ ਕਾਰਜਾਂ ਵਿਚ ਹਿੱਸਾ ਲੈਂਦੇ ਹਨ, ਉਨ੍ਹਾਂ ਨੂੰ ਏਹਨਾਂ ਅਨੁਭਵ ਤੋਂ ਲਾਭ ਹੋਇਆ, ਅਤੇ ਇਸ ਗੱਲ ਨਾਲ ਕੋਈ ਫਰਕ ਨਹੀਂ ਪਿਆ ਕਿ ਉਨ੍ਹਾਂ ਨੇ ਇਨ੍ਹਾਂ ਕਾਰਜਾਂ ਤੇ ਕਿੰਨਾ ਸਮਾਂ ਲਾਇਆ।

ਪਰ ਕਿਸ਼ੋਰ ਉਮਰ ਦੇ ਨੌਜਵਾਨਾਂ ਲਈ, ਇਕ ਪਾਰਟ-ਟਾਈਮ ਨੌਕਰੀ ਠੀਕ ਹੋ ਸਕਦੀ ਹੈ ਜੇ ਉਹ ਵੀ ਇਕ ਸੰਤੁਲਨ ਨਾਲ - ਹਫਤੇ ਵਿਚ 12 ਘੰਟਿਆਂ ਤੋਂ ਵੱਧ ਸਮੇਂ ਲਈ ਨਾ ਕੀਤੀ ਜਾਏ। ਇਕ ਆਸਟਰੇਲੀਅਨ ਸਰਵੇਖਣ ਵਿਚ ਇਹ ਸਾਹਮਣੇ ਆਇਆ ਕਿ ਕਿਸ਼ੋਰ ਉਮਰ ਦੇ ਬੱਚਿਆਂ ਨੇ ਟੀਮ ਵਿਚ ਕੰਮ ਕਰਨਾ, ਸਮੇਂ ਦਾ ਪ੍ਰਬੰਧ, ਅਤੇ ਹੋਰ ਲੋਕਾਂ ਲਈ ਕਿਸ ਤਰ੍ਹਾਂ ਕੰਮ ਕਰਨਾ ਹੈ, ਸਿਖਿਆ - ਇਹ ਉਹ ਕੁਸ਼ਲਤਾਵਾਂ ਹਨ ਜੋ ਜ਼ਰੂਰੀ ਨਹੀਂ ਕਿ ਉਹ ਸਕੂਲ ਵਿਚ ਹੀ ਸਿੱਖ ਸਕਦੇ ਹਨ - ਅਤੇ ਉਨ੍ਹਾਂ ਵਿਚ ਆਪਣੇ ਫੈਸਲੇ ਕਰਨ ਦੀ ਸਮਰੱਥਾ ਵਿਚ ਭਰੋਸਾ ਪੈਦਾ ਹੋਇਆ। ਕੰਮ ਕਰਨ ਨਾਲ ਕਿਸ਼ੋਰ ਉਮਰ ਦੇ ਨੌਜਵਾਨ, ਸਕੂਲ ਵਿਚ ਰਹਿਣ ਦੇ ਲਾਭਾਂ ਬਾਰੇ ਵੱਧ ਜਾਗਰੂਕ ਹੋ ਗਏ।

ਸਾਡੇ ਬਾਰੇ

ਇਕ ਕੈਨੇਡਿਅਨ ਕੰਪਨੀ, USC ਐਜੂਕੇਸ਼ਨ ਸੇਵਿੰਗਸ ਪਲੈਨਸ ਇੰਕ. (USC Education Savings Plans Inc.), ਅੰਤਰਰਾਸ਼ਟਰੀ ਸਕਾਲਰਸ਼ਿਪ ਫਾਊਂਡੇਸ਼ਨ (International Scholarship Foundation) ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਹੈ। ਇਹ USC ਐਜੂਕੇਸ਼ਨ ਸੇਵਿੰਗਸ ਪਲੈਨਸ ਦੇ ਪ੍ਰਬੰਧਕ, ਵਿਤਰਕ ਅਤੇ ਇੰਵੈਸਟਮੈਂਟ ਫੰਡ ਮੈਨੇਜਰ ਹੈ।